# 7. ਅਧਿਐਨ ਦਾ ਸਾਰ, ਵਿਸ਼ਲੇਸ਼ਣ ਅਤੇ ਸਿੱਟੇ

## 7.1 ਅਧਿਐਨ ਦਾ ਸਾਰ

ਮਾਨਵ ਦੀ ਅਧਿਆਤਮਿਕ ਉਨਤੀ ਅਤੇ ਕਲਿਆਣ ਹੇਤੂ ਭਗਤੀ, ਧਰਮ ਅਤੇ ਸੰਗੀਤ ਦੇ ਸੁਮੇਲ ਦਾ ਉੱਤਮ ਦਰਸ਼ਨ ਪੁਰਾਤਨ ਸੰਸਕ੍ਰਿਤੀ ਦੇ ਇਤਿਹਾਸ ਤੋਂ ਦੇਖਿਆ ਜਾ ਸਕਦਾ ਹੈ। ਇਸ ਪਰਿਪੇਖ ਵਿੱਚ ਪੂਰਵਰਤੀ ਅਤੇ ਸਮਕਾਲੀ ਇਤਿਹਾਸਿਕ ਪਰਿਸਥਿਤੀਆਂ ਦੀ ਸਾਰਥਿਕ ਭੂਮਿਕਾ ਰਹੀ ਹੈ। ਭਗਤੀ ਭਾਵਨਾ ਆਦਿ ਕਾਲ ਤੋਂ ਹੀ ਮਾਨਵ ਜੀਵਨ ਵਿੱਚ ਆਰੰਭ ਹੋ ਗਈ ਸੀ, ਬਲਕਿ ਮਨੁੱਖ ਦੇ ਅੰਦਰ ਇਹ ਭਾਵਨਾ ਆਰੰਭ ਤੋਂ ਹੀ ਮੌਜੂਦ ਸੀ। ਭਾਵੇਂ ਉਹ ਕਿਸੇ ਡਰ ਤਹਿਤ ਜਾਂ ਪ੍ਰੇਮ, ਅਨੁਰਾਗ ਤਹਿਤ ਸੀ। ਮਾਨਵ ਨੇ ਆਪਣੇ ਜੀਵਨ ਨੂੰ ਸੁੱਖ ਸਮ੍ਰਿੱਧੀ ਨਾਲ ਭਰਪੂਰ ਕਰਨ ਲਈ ਆਪਣੇ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਜੋ ਕਿ ਕੁਦਰਤੀ ਸੋਮਿਆਂ ਜਿਵੇਂ ਕਿ ਸੂਰਜ, ਅੱਗ, ਪਾਣੀ, ਹਵਾ, ਧਰਤੀ ਤੋਂ ਪ੍ਰਾਪਤ ਹੋ ਰਹੀਆਂ ਸਨ, ਨੂੰ ਦੇਵਤਾ ਰੂਪ ਮੰਨ ਕੇ ਉਹਨਾਂ ਦੀ ਪੂਜਾ ਅਰਚਨਾ ਕੀਤੀ। ਇਹੀ ਪੂਜਾ ਅਰਚਨਾ ਧਰਮ ਦਾ ਆਧਾਰ ਬਣੀ। ਭਗਤੀ ਅਤੇ ਧਰਮ ਇੱਕ ਦੂਜੇ ਦੇ ਸਮਕਾਲੀ ਰਹੇ ਹਨ। ਭਗਤੀ ਹੀ ਧਰਮ ਦਾ ਮੂਲ ਬਣੀ। ਭਾਰਤੀ ਸੰਸਕ੍ਰਿਤੀ ਦਾ ਵਿਸ਼ਾਲ ਮਹੱਲ ਧਰਮ ਰੂਪੀ ਨੀਂਹ ਤੇ ਹੀ ਖੜ੍ਹਾ ਹੈ। ਭਾਰਤੀ ਸੰਸਕ੍ਰਿਤੀ ਦਾ ਕੋਈ ਵੀ ਪੱਖ ਧਰਮ ਤੋਂ ਅਛੂਤਾ ਨਹੀਂ ਹੈ।

ਭਾਰਤ ਦੀ ਵਿਸ਼ਾਲ ਸੰਸਕ੍ਰਿਤੀ ਅਨੇਕਾਂ ਹੀ ਧਰਮਾਂ ਨੂੰ ਆਪਣੇ ਵਿੱਚ ਸਮਾਈ ਬੈਠੀ ਹੈ ਜਿਵੇਂ ਕਿ ਹਿੰਦੂ ਧਰਮ, ਬੁੱਧ, ਜੈਨ, ਇਸਲਾਮ ਅਤੇ ਸਿੱਖ ਧਰਮ ਆਦਿ। ਹਰੇਕ ਧਰਮ ਨੇ ਆਪਣੀ-ਆਪਣੀ ਪਰੰਪਰਾ ਅਤੇ ਰੀਤੀ-ਰਿਵਾਜ਼ ਦੇ ਅਨੁਸਾਰ ਅਧਿਆਤਮਿਕ ਅਨੁਭੂਤੀ ਤਹਿਤ ਕਾਵਿ ਰਚਨਾਵਾਂ ਨੂੰ ਸੰਗੀਤ ਦੀਆਂ ਸੁਰਾਂ ਨਾਲ ਪਰੋ ਕੇ ਮਨੁੱਖਤਾ ਨੂੰ ਪਰਮਾਰਥ ਦਾ ਗਿਆਨ ਦਿੱਤਾ।

ਧਾਰਮਿਕ ਕਾਵਿ-ਰਚਨਾਵਾਂ ਦਾ ਧਾਰਮਿਕ ਗ੍ਰੰਥਾਂ ਦੇ ਰੂਪ ਵਿੱਚ ਆਰੰਭ ਵੇਦਾਂ ਤੋਂ ਹੁੰਦਾ ਹੈ। ਵੈਦਿਕ ਕਾਲ ਤੋਂ ਹੀ ਰਿਸ਼ੀਆਂ-ਮੁਨੀਆਂ ਨੇ ਆਪਣੇ ਅਧਿਆਤਮਿਕ ਅਨੁਭਵਾਂ ਅਤੇ ਅੰਤਰ ਗਿਆਨ ਤੋਂ ਰਚੇ ਭਗਤੀ ਪਰਕ ਸ਼ਲੋਕਾਂ ਨੂੰ ਵੇਦਾਂ ਦੇ ਰੂਪ ਵਿੱਚ ਸੁਰੱਖਿਅਤ ਰੱਖਿਆ। ਵੇਦਾਂ ਨੂੰ ਸਮਸਤ ਸੰਸਾਰ ਵਿੱਚ ਸਭ ਤੋਂ ਪਹਿਲਾਂ ਲਿਖਿਤ ਧਾਰਮਿਕ ਗ੍ਰੰਥ ਵਜੋਂ ਮਾਨਤਾ ਦਿੱਤੀ ਜਾਂਦੀ ਹੈ। ਵੇਦਾਂ ਤੋਂ ਬਾਅਦ ਧਾਰਮਿਕ ਗ੍ਰੰਥਾਂ ਦੀ ਇਸ ਲੜੀ ਵਿੱਚ ਰਮਾਇਣ, ਮਹਾਂਭਾਰਤ, ਉਪਨਿਸ਼ਦ, ਨਾਰਦ ਸੂਤਰ, ਸ੍ਰੀ ਮਦ ਭਾਗਵਤ ਗੀਤਾ ਆਦਿ ਵਿੱਚ ਭਗਤੀ, ਧਰਮ ਅਤੇ ਸੰਗੀਤ ਦਾ ਅਟੁੱਟ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ।

ਵੈਦਿਕ ਭਗਤੀ, ਧਰਮ ਅਤੇ ਸੰਗੀਤ ਦੀ ਇਹ ਪਰੰਪਰਾ ਮੱਧ ਕਾਲ ਜੋ ਕਿ ਭਗਤੀ ਲਹਿਰ ਜਾਂ ਭਗਤੀ ਅੰਦੋਲਨ ਵਜੋਂ ਜਾਣਿਆ ਜਾਂਦਾ ਹੈ, ਬਹੁਤ ਹੀ ਤੇਜ਼ ਗਤੀ ਨਾਲ ਸਾਰਗ੍ਰਾਹੀ (ਪ੍ਰਵਾਹਿਤ) ਹੋਇਆ। ਇਸ ਕਾਲ ਵਿੱਚ ਭਗਤੀ ਦੀਆਂ ਦੋ ਪ੍ਰਮੁੱਖ ਦੋ ਧਾਰਾਵਾਂ ਸਮਾਨ ਰੂਪ ਵਿੱਚ ਉੱਭਰ ਕੇ ਸਾਹਮਣੇ ਆਈਆਂ। ਉਹਨਾਂ ਵਿੱਚ ਪਹਿਲੀ ਭਾਰਤੀ ਸੰਸਕ੍ਰਿਤੀ ਦੀ ਭਗਤੀ ਲਹਿਰ ਅਤੇ ਦੂਸਰੀ ਮੁਸਲਿਮ ਸੰਸਕ੍ਰਿਤੀ ਦੀ ਸੂਫ਼ੀ ਧਾਰਾ ਸੀ।ਭਾਰਤੀ ਧਰਮ ਪਰੰਪਰਾ ਦੇ ਪਿਛੋਕੜ ਤੋਂ ਉਪਜੀ ਭਾਰਤੀ ਸੰਸਕ੍ਰਿਤੀ ਦੀ ਭਗਤੀ ਲਹਿਰ ਅਤੇ ਇਸਲਾਮ ਦੀ ਕੁੱਖੋਂ ਜਨਮੀ ਸੂਫ਼ੀ ਧਾਰਾ ਵਿੱਚ ਇਤਿਹਾਸਿਕ, ਵਿਚਾਰਕ ਅਤੇ ਅਧਿਆਤਮਿਕ

ਸਮਕਾਲੀਨਤਾ ਦੇ ਪਹਿਲੂ ਨਜ਼ਰ ਆਉਂਦੇ ਹਨ। ਮੱਧ ਕਾਲ ਵਿੱਚ ਵਿਦੇਸ਼ੀ ਹਮਲਿਆਂ ਦੇ ਕਾਰਨ ਭਾਰਤ ਵਿੱਚ ਅਸਥਿਰਤਾ ਵਾਲੀ ਸਥਿਤੀ ਪੈਦਾ ਹੋ ਗਈ। ਸ਼ਾਸ਼ਕ ਵਰਗ ਨੇ ਆਪਣੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਲੋਕਾਂ ਉੱਤੇ ਅੱਤਿਆਚਾਰ ਕਰਕੇ ਧਰਮ ਨੂੰ ਜ਼ਬਰਦਸਤੀ ਭਾਰਤੀ ਜਨਤਾ ਉੱਤੇ ਥੋਪਣ ਦੀ ਕੋਸ਼ਿਸ਼ ਕੀਤੀ।ਅਜਿਹੇ ਸਮੇਂ ਵਿੱਚ ਸ਼ਾਂਤਮਈ, ਮਿੱਤਰਤਾ ਅਤੇ ਸ਼ਹਿਣਸ਼ੀਲਤਾ ਪ੍ਰਵਿਰਤੀ ਵਾਲੇ ਸੂਫ਼ੀ ਸੰਤਾਂ ਫਕੀਰਾਂ ਨੇ ਧਾਰਮਿਕ ਕੱਟੜਤਾ ਤੋਂ ਨਿਰਲੇਪ ਹੋ ਕੇ ਭਾਰਤੀ ਲੋਕਾਂ ਨਾਲ ਤਾਲਮੇਲ ਕੀਤਾ।ਮੱਧ ਕਾਲ ਵਿੱਚ ਸ਼ਾਸ਼ਕ ਵਰਗ ਅਤੇ ਜਨਤਾ ਦੇ ਵਿਚਲੀ ਖਾਈ ਨੂੰ ਭਰਨ ਵਿੱਚ ਸੂਫ਼ੀ ਫ਼ਕੀਰਾਂ ਅਤੇ ਸੰਤਾਂ ਨੇ ਅਹਿਮ ਭੂਮਿਕਾ ਨਿਭਾਈ। ਸਮੁੱਚੇ ਭਾਰਤ ਵਿੱਚ ਭਗਤੀ ਲਹਿਰ ਦੇ ਅੰਤਰਗਤ ਸੰਗੀਤ ਰਾਹੀਂ ਸੰਤਾਂ-ਸੂਫ਼ੀਆਂ ਨੇ ਅਧਿਆਤਮਿਕ ਉਪਦੇਸ਼ਾਂ ਨੂੰ ਸਾਧਾਰਣ ਵਰਗ ਤੱਕ ਪਹੁੰਚਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤਾ। ਸੰਤਾਂ ਅਤੇ ਸੂਫ਼ੀਆਂ ਨੇ ਅਧਿਆਤਮਿਕ ਕਾਵਿ ਰਚਨਾਵਾਂ ਨੂੰ ਸੰਗੀਤ ਦੀਆਂ ਭਿੰਨ-ਭਿੰਨ ਸ਼ੈਲੀਆਂ ਰਾਹੀਂ ਗਾਇਨ ਕਰਕੇ ਜਨ ਸਾਧਾਰਨ ਨੂੰ ਭਗਤੀ ਅਤੇ ਧਰਮ ਨਾਲ ਜੋੜ ਕੇ ਇਕੀਸ਼ਰਵਾਦ ਬ੍ਰਹਮ ਦੀ ਹੋਂਦ ਨੂੰ ਸਾਕਾਰ ਕੀਤਾ।

ਭਗਤੀ ਲਹਿਰ ਦੇ ਸਮੇਂ ਸੰਤਾਂ ਅਤੇ ਸੂਫ਼ੀਆਂ ਨੇ ਇੱਕ ਦੂਜੇ ਦੇ ਸਮਕਾਲੀ ਸੰਗੀਤਕ ਨਾਦ ਦੇ ਸਹਾਰੇ ਆਪਣੇ ਅੰਦਰੂਨੀ, ਰੂਹਾਨੀ ਭਾਵਾਂ ਨੂੰ ਸਹਿਜ ਭਾਵ ਨਾਲ ਜਨ ਸਾਧਾਰਨ ਤੱਕ ਪਹੁੰਚਾ ਕੇ ਆਪਣੇ ਹਿਰਦੇ ਦਾ ਕਲਪਨਾ ਭਾਰ ਹਲਕਾ ਕੀਤਾ।ਭਗਤੀ ਲਹਿਰ ਦੇ ਸਮੇਂ ਹੀ ਭਾਰਤੀ ਅਤੇ ਅਰਬੀ ਸੰਗੀਤ ਦੇ ਮਿਸ਼ਰਨ ਵਜੋਂ ਹੀ ਭਾਰਤੀ ਸੰਗੀਤ ਦੀ ਉੱਤਰੀ ਪਧਿਤੀ ਹਿੰਦੁਸਤਾਨੀ ਸੰਗੀਤ ਵਜੋਂ ਅਤੇ ਦੱਖਣੀ ਪਧਿਤੀ ਕਰਨਾਟਕੀ ਸੰਗੀਤ ਵਜੋਂ ਰੂਪਮਾਨ ਹੋਈ। ਅਸਲ ਵਿੱਚ ਗੌਰ ਨਾਲ ਵਿਚਾਰੀਏ ਤਾਂ ਹਿੰਦੁਸਤਾਨੀ ਸੰਗੀਤ ਪਧਿਤੀ ਸੂਫ਼ੀ ਸੰਗੀਤ ਅਤੇ ਭਾਰਤੀ ਸੰਗੀਤ ਦੇ ਮਿਸ਼ਰਨ ਦਾ ਸੁਖਦ ਪਰਿਣਾਮ ਹੈ। ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿੱਚ ਚਾਹੇ ਭਿੰਨਤਾ ਪਾਈ ਜਾਂਦੀ ਹੈ ਪਰ ਸ਼ੈਲੀਆਂ ਵਿੱਚ ਭਿੰਨਤਾ ਹੋਣ ਦੇ ਬਾਵਜੂਦ ਸੰਗੀਤਕ ਤੱਤਾਂ ਵਿੱਚ ਮੌਲਿਕ ਭੇਦ ਨਹੀਂ ਹੈ। ਸੰਗੀਤ ਦੇ ਖੇਤਰ ਵਿੱਚ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਇੱਕ-ਦੂਸਰੇ ਦੇ ਪੂਰਕ ਹਨ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੀ ਆਪਣੀ-ਆਪਣੀ ਖੁਸ਼ਬੂ ਤੇ ਨਿੱਜੀ ਅਰਥਾਂ ਨੂੰ ਛੱਡ ਕੇ, ਜਿਸ ਵਿਸ਼ੇਸ਼ ਅਰਥਾਂ ਨੂੰ ਸੂਫ਼ੀ ਅਤੇ ਹਿੰਦੁਸਤਾਨੀ ਸੰਤ ਪ੍ਰਗਟ ਕਰਦੇ ਹਨ, ਉਹ ਹੈ ਸੰਗੀਤ ਰਾਹੀਂ ਉਸ ਇਸ਼ਟ ਦੀ ਅਰਾਧਨਾ।

ਅਧਿਆਤਮਿਕ ਭਾਵ ਅਭਿਵਿਅਕਤੀ ਲਈ ਸੰਤਾਂ ਅਤੇ ਸੂਫ਼ੀਆਂ ਨੇ ਆਪਣੇ ਪੂਰਵ ਭਾਵ ਵੈਦਿਕ ਪਰੰਪਰਾ ਨਾਲ ਸੰਵਾਦ ਰਚਾਉਂਦੇ ਹੋਏ ਨਵੇਂ ਸੰਕਲਪਾਂ ਨੂੰ ਜਨਮ ਦਿੱਤਾ। ਨਵੀਨਤਾ ਦੀ ਆੜ ਵਿੱਚ ਸਾਮਗਾਨ ਦਾ ਸਥਾਨ ਜਾਤੀ ਗਾਇਨ ਅਤੇ ਜਾਤੀ ਗਾਇਨ ਦਾ ਪ੍ਰਬੰਧ ਗਾਇਨ ਨੇ ਲਿਆ। ਮੱਧ ਕਾਲ ਵਿੱਚ ਪ੍ਰਾਚੀਨ ਗਾਇਨ ਸ਼ੈਲੀਆਂ ਦਾ ਅਨੁਕਰਣ ਕਰਦੇ ਹੋਏ ਸਮੇਂ ਦੇ ਪਰਿਵਰਤਨਸ਼ੀਲਤਾ ਦੇ ਪ੍ਰਵਾਹ ਦੇ ਹਮਰਾਹੀ ਬਣਦੇ ਹੋਏ ਸੂਫ਼ੀ ਸੰਤਾਂ ਨੇ ਭਗਤੀ ਭਾਵਨਾ ਜਾਂ ਅਧਿਆਤਮਿਕ ਵਿਚਾਰਾਂ ਨੂੰ ਦ੍ਰਿੜ ਕਰਵਾਉਣ ਲਈ ਕਈ ਨਵੀਨ ਗਾਇਨ ਸ਼ੈਲੀਆਂ ਵਿੱਚ ਗਾਇਨ ਕੀਤਾ। ਹਰੇਕ ਨਵੀਨ ਸ਼ੈਲੀ ਆਪਣੀ ਸਮਕਾਲੀਨ ਜਾਂ ਪੁਰਾਤਨ ਸ਼ੈਲੀ ਤੋਂ ਪ੍ਰਭਾਵਿਤ ਹੁੰਦੀ ਰਹੀ ਹੈ ਅਤੇ ਨਵੀਨ ਸ਼ੈਲੀ ਦਾ ਆਪਣੇ ਪੂਰਵਰਤੀ ਅਤੇ ਸਮਕਾਲੀ ਯੁਗ ਨਾਲ ਗਹਿਰਾ ਸੰਬੰਧ ਹੁੰਦਾ ਹੈ। ਮੱਧ ਕਾਲ (ਭਗਤੀ ਲਹਿਰ ਦੇ ਸਮੇਂ) ਵਿੱਚ ਅਧਿਆਤਮਿਕ ਵਿਚਾਰਾਂ ਦੀ ਅਭਿਵਿਅਕਤੀ ਲਈ ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਵਿਧਾਵਾਂ ਵਿੱਚ ਇਸ਼ਟ ਦੀ ਅਰਾਧਨਾ ਲਈ

ਕੀਰਤਨ ਵਜੋਂ ਧਰੁਪਦ, ਧਮਾਰ, ਖਿਆਲ, ਕੱਵਾਲੀ, ਗਜ਼ਲ, ਕਾਫ਼ੀ, ਨਾਂਅਤ, ਮਰਸੀਆ, ਰੁਬਾਈ, ਸ਼ਬਦ, ਸ਼ਲੋਕ, ਭਜਨ, ਹਮਦ, ਨਕਸ਼ੋਗਲ, ਨਕਸ਼ਨਿਗਾਰ, ਸ਼ੀਹਰਫੀ, ਰੰਗ, ਠੁਮਰੀ, ਮਸਨਵੀ, ਆਦਿ ਗਾਇਨ ਸ਼ੈਲੀਆਂ ਸਮਕਾਲੀ ਰਹੀਆਂ।

ਵਰਤਮਾਨ ਦੌਰ ਵਿਸ਼ਵੀਕਰਨ ਦਾ ਯੁੱਗ ਹੈ।ਵਿਸ਼ਵ ਦੇ ਸਾਰੇ ਸੰਗੀਤਕਾਰ, ਕਲਾਕਾਰ ਵੱਖੋ-ਵੱਖ ਦੇਸ਼ਾਂ ਵਿੱਚ ਜਾ ਕੇ ਆਪਣੇ-ਆਪਣੇ ਸੰਗੀਤ ਦਾ ਆਦਾਨ ਪ੍ਰਦਾਨ ਕਰ ਰਹੇ ਹਨ। ਵਿਦੇਸ਼ੀ ਧੁਨਾਂ ਅਤੇ ਵਿਦੇਸ਼ੀ ਸਾਜ਼ਾਂ ਦਾ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਵਿੱਚ ਵਿਸ਼ੇਸ਼ ਸਥਾਨ ਹੈ। ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਵੀ ਇਸ ਵਿਸ਼ਵੀਕਰਨ ਦੇ ਦੌਰ ਵਿੱਚ ਪੱਛਮੀ ਪ੍ਰਭਾਵ ਤੋਂ ਅਛੂਤੇ ਨਹੀਂ ਹਨ। ਵਰਤਮਾਨ ਕਾਲ ਵਿੱਚ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਵਿਸ਼ਵ ਵਿਖਿਆਤ ਕਲਾਕਾਰ ਵਰਗ ਇਸੇ ਪ੍ਰਭਾਵ ਦੇ ਅੰਤਰਗਤ ਸਮੇਂ ਅਤੇ ਸਰੋਤਾਂ ਦੀ ਰੁਚੀ ਦੇ ਮੁਤਾਬਿਕ ਨਵੀਨੀਕਰਣ ਦੇ ਪ੍ਰਭਾਵ ਨੂੰ ਕਬੂਲ ਚੁੱਕਾ ਹੈ।

## 7.2 ਅਧਿਐਨ ਦਾ ਵਿਸ਼ਲੇਸ਼ਣ:

ਅਧਿਐਨ ਦੇ ਵਿਸ਼ਲੇਸ਼ਣ ਹੇਤੂ ਗਣਨਾਤਮਕ ਅਤੇ ਗੁਣਨਾਤਮਕ ਦੋਵਾਂ ਵਿਧੀਆਂ ਦਾ ਪ੍ਰਯੋਗ ਕਰਦੇ ਹੋਏ SWOC ANALYSIS ਦੇ ਤਹਿਤ ਨਿਮਨਲਿਖਿਤ ਤੱਥ ਉਜਾਗਰ ਹੋਏ ਹਨ।




### Strengths (ਸ਼ਾਸਕਤ ਪਹਿਲੂ)

- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਪ੍ਰਮੁੱਖ ਪ੍ਰਤਿਭਾਸ਼ਾਲੀ ਕਲਾਕਾਰਾਂ ਨੇ ਅੰਤਰਰਾਸ਼ਟਰੀ ਪੱਧਰ ਤੇ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਨੂੰ ਪਹੁੰਚਾਇਆ ਹੈ।
- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੀਆਂ ਸਮਕਾਲੀ ਗਾਇਨ ਸ਼ੈਲੀਆਂ ਦੇ ਮਾਧਿਅਮ ਰਾਹੀਂ ਹੀ ਸੂਫ਼ੀ ਅਤੇ ਹਿੰਦੁਸਤਾਨੀ ਸੰਤਾਂ ਨੇ ਅਧਿਆਤਮਿਕ ਵਿਚਾਰਾਂ ਅਤੇ ਅਨੁਭਵਾਂ ਨੂੰ ਚਿਰਸਥਾਈ ਬਣਾਇਆ ਹੈ।
- ਮੱਧਕਾਲੀ ਭਗਤੀ ਲਹਿਰ ਦੇ ਅੰਤਰਗਤ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਰਾਹੀਂ ਹੀ ਰਾਜਨੈਤਿਕ ਅਤੇ ਸਮਾਜਿਕ ਹਲਾਤਾਂ ਤੋਂ ਪਰੇਸ਼ਾਨ ਜਨਸਧਾਰਨ ਨੂੰ ਰਾਹਤ ਦੀ ਰੋਸ਼ਨੀ ਨਜ਼ਰ ਆਈ।

- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਸਾਂਝੇ ਮੰਚ ਤੇ ਪ੍ਰਦਰਸ਼ਨਾਂ ਰਾਹੀਂ ਵੱਖ-ਵੱਖ ਦੇਸ਼ਾਂ ਵਿਚ ਸਾਂਝੀਵਾਲਤਾ ਦੀ ਭਾਵਨਾ ਤਹਿਤ ਸੰਗੀਤ ਦੇ ਕਲਾਕਾਰਾਂ ਨੇ ਸੇਤੂ ਦੀ ਭੂਮਿਕਾ ਨਿਭਾਈ ਹੈ।
- ਵਰਤਮਾਨ ਸੰਦਰਭ ਵਿੱਚ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਦੇ ਕਲਾਕਾਰ ਯੁਵਾ ਵਰਗ ਲਈ ਵੀ ਮਾਰਗ ਪ੍ਰਦਰਸ਼ਕ ਹਨ।

## Weaknesses (ਅਪੂਰਨ ਪਹਿਲੂ)

- ਨੌਜਵਾਨ ਵਰਗ ਨੂੰ ਸੂਫ਼ੀ ਸੰਗੀਤ ਵੱਲ ਪ੍ਰੇਰਿਤ ਕਰਨ ਹੇਤੂ ਸਿੱਖਿਆ ਸੰਸਥਾਵਾਂ ਵਿੱਚ ਸੂਫ਼ੀ ਸੰਗੀਤ ਦੀ ਸਿੱਖਿਆ ਦਾ ਅਭਾਵ ਹੈ। ਨਵੀਨ ਪ੍ਰਯੋਗਾਂ ਦੇ ਰਾਹੀਂ ਯੁਵਾ ਪੀੜ੍ਹੀ ਨੂੰ ਪਰੰਪਰਾ ਨਾਲ ਜੋੜਨ ਦਾ ਉਪਰਾਲਾ ਕਰਨਾ ਚਾਹੀਦਾ ਹੈ।
- ਪਰੰਪਰਾਗਤ ਸੰਗੀਤ ਨੂੰ ਪਰਵਾਹਿਤ ਕਰ ਰਹੇ ਕਲਾਕਾਰਾਂ ਨੂੰ ਸਰਕਾਰ ਵੱਲੋਂ ਪੁਰਸਕਾਰਿਤ ਕਰਕੇ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ। ਇਸ ਘਾਟ ਦੇ ਕਾਰਨ ਕਈ ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਦੇ ਕਲਾਕਾਰ ਮੰਦਹਾਲੀ ਦਾ ਸਾਹਮਣਾ ਕਰ ਰਹੇ ਹਨ।

## Opportunities (ਅਵਸਰ)

- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਉੱਚ ਸ਼੍ਰੇਣੀ ਦੇ ਕਲਾਕਾਰ ਆਪਣੇ ਰਚਨਾਤਮਕ, ਸਿਰਜਨਾਤਮਕ ਅਤੇ ਕਲਾ ਸਾਧਨਾਂ ਦੇ ਕਾਰਨ ਜਨਸਧਾਰਨ ਨੂੰ ਅਧਿਆਤਮਕ ਭਾਵਾਂ ਦੀ ਅਨੁਭੂਤੀ ਕਰਵਾਉਣ ਦੇ ਸਮਰੱਥ ਹਨ। ਸੋ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੀਆਂ ਗਾਇਨ ਰਚਨਾਵਾਂ ਨੂੰ Music Therapy ਦੇ ਰੂਪ ਵਿੱਚ ਮਨੋਵਿਗਿਆਨਿਕ ਅਤੇ ਅਧਿਆਤਮਿਕ ਭਾਵਾਂ ਦੀ ਪੂਰਤੀ ਹੇਤੂ ਪ੍ਰਯੋਗ ਕੀਤਾ ਜਾ ਸਕਦਾ ਹੈ।
- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਵਿੱਚ ਸਿੱਧਹਸਤ ਕਲਾਕਾਰ ਫਿਲਮੀ ਸੰਗੀਤ ਵਿੱਚ ਆਪਣੇ ਫ਼ਨ ਦਾ ਮੁਜ਼ਹਾਰਾ ਕਰਕੇ ਆਪਣੀ ਜੀਵਿਕਾ ਪ੍ਰਾਪਤ ਕਰ ਰਹੇ ਹਨ।
- ਸੂਫ਼ੀ ਸੰਗੀਤ ਦੀਆਂ ਪਰੰਪਰਾਗਤ ਗਾਇਨ ਸ਼ੈਲੀਆਂ ਨੂੰ ਜੇਕਰ ਸੰਸਥਾਗਤ ਸਿੱਖਿਆ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਇਹਨਾਂ ਨੂੰ ਲੁਪਤ ਹੋਣ ਤੋਂ ਸੁਰਖਿਅਤ ਰੱਖਿਆ ਜਾ ਸਕਦਾ ਹੈ।ਜਿਸ ਨਾਲ ਸੂਫ਼ੀ ਸੰਗੀਤ ਦੀ ਲੋਕਪ੍ਰਿਯਤਾ ਵਿਚ ਵਾਧਾ ਹੋ ਸਕਦਾ ਹੈ।

## Challenges (ਚੁਣੌਤੀਆਂ)

- ਸੰਸਥਾਗਤ ਸਿੱਖਿਆ ਪ੍ਰਣਾਲੀ ਵਿੱਚ ਸੂਫ਼ੀ ਸੰਗੀਤ ਦੀ ਕਮੀ ਦੇ ਕਾਰਨ ਆਮ ਵਿਦਿਆਰਥੀ ਸੂਫ਼ੀ ਸੰਗੀਤ ਦੀਆਂ ਬਰੀਕੀਆਂ ਨੂੰ ਸਿਖਣ ਤੋਂ ਵਾਂਝੇ ਰਹਿ ਜਾਂਦੇ ਹਨ।
- ਘਰਾਣੇਦਾਰ ਕਲਾਕਾਰਾਂ ਨੂੰ ਸੰਸਥਾਗਤ ਸਿਖਿਆ ਪ੍ਰਣਾਲੀ ਵਿਚ ਵਿਜਟਿੰਗ ਫੈਲੋ ਦੇ ਰੂਪ ਵਿਚ ਸ਼ਾਮਿਲ ਕਰਕੇ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੀ ਘਰਾਣੇਦਾਰ ਗਾਇਕੀ ਤੋਂ ਸਿਖਿਆਰਥੀਆਂ ਨੂੰ ਲਾਭ ਹੋ ਸਕਦਾ ਹੈ

## 7.3 ਭਵਿੱਖਮੁਖੀ ਸੰਭਾਵਨਾਵਾਂ

ਖੋਜ ਪ੍ਰਬੰਧ ਨੂੰ ਸੰਪੂਰਨ ਕਰਨ ਉਪਰੰਤ ਭਵਿੱਖ ਵਿੱਚ ਖੋਜ ਕਾਰਜ ਹੇਤੂ ਕਈ ਨਵੀਆਂ ਸੰਭਾਵਨਾਵਾਂ ਸਾਹਮਣੇ ਆਉਂਦੀਆਂ ਹਨ। ਜੋ ਭਵਿੱਖ ਵਿੱਚ ਖੋਜਾਰਥੀਆਂ ਨੂੰ ਨਵੇਂ ਖੋਜ ਵਿਸ਼ਿਆਂ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਸਹਾਇਕ ਸਿੱਧ ਹੁੰਦੇ ਹਨ। ''**ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ: ਸਮਕਾਲੀ ਪਰਿਪੇਖ**'' ਵਿਸ਼ੇ ਤੇ ਖੋਜ ਕਰਦਿਆਂ ਅਤੇ ਇਸ ਖੇਤਰ ਨਾਲ ਜੁੜੇ ਸੰਗੀਤ ਅਚਾਰਿਆ ਅਤੇ ਕਲਾਕਾਰ ਨਾਲ ਭੇਂਟਵਾਰਤਾ ਕਰਕੇ ਇਸ ਵਿਸ਼ੇ ਤੇ ਗੂੜ ਚਿੰਤਨ ਮਨਨ ਕਰਨ ਤੋਂ ਬਾਅਦ ਭਵਿੱਖ ਵਿੱਚ ਸ਼ੋਧ ਦੀਆਂ ਕਈ ਸੰਭਾਵਨਾਵਾਂ ਖੋਜਾਰਥਣ ਦੇ ਸਨਮੁੱਖ ਆਈਆ। ਅਕਾਦਮਿਕ ਖੇਤਰ ਵਿੱਚ ਸੂਫ਼ੀ ਸੰਗੀਤ ਤੇ ਬਹੁਤ ਥੋੜ੍ਹਾ ਖੋਜ ਕਾਰਜ ਹੋਇਆ ਹੈ। ਸੋ ਇਸ ਖੇਤਰ ਵਿੱਚ ਖੋਜ ਦੀਆਂ ਸੰਭਾਵਨਾਵਾਂ ਨਿਮਨਲਿਖਤ ਹਨ।

- ਸੂਫ਼ੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿੱਚ ਦਰਗਾਹਾਂ ਤੇ ਉਰਸ ਮੌਕੇ ਤੇ 'ਮਹਿਫਲੇ ਸਮਾਅ' ਦੀ ਭੂਮਿਕਾ
- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਦਾ ਤੁਲਨਾਤਮਕ ਅਧਿਐਨ
- ਸੂਫ਼ੀ ਸੰਗੀਤ ਦਾ ਹਿੰਦੁਸਤਾਨੀ ਸੰਗੀਤ ਤੇ ਪ੍ਰਭਾਵ
- ਹਿੰਦੁਸਤਾਨੀ ਸੰਗੀਤ ਦਾ ਸੂਫ਼ੀ ਸੰਗੀਤ ਤੇ ਪ੍ਰਭਾਵ
- ਹਿੰਦੁਸਤਾਨੀ ਸੰਗੀਤ ਤੇ ਪੱਛਮੀ ਸੰਗੀਤ ਦਾ ਪ੍ਰਭਾਵ
- ਸੂਫ਼ੀ ਸੰਗੀਤ ਵਿੱਚ ਵਿਦੇਸ਼ੀ ਧੁਨਾਂ, ਵਿਦੇਸ਼ੀ ਸਾਜ਼ਾਂ ਦੀ ਭੂਮਿਕਾ
- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿੱਚ ਇਲੈਕਟਰੋਨਿਕ ਮੀਡੀਆ ਦਾ ਯੋਗਦਾਨ
- ਦੂਰਦਰਸ਼ਨ, ਰੇਡੀਓ ਅਤੇ ਚਿਤਰਪੱਟ ਸੰਗੀਤ ਰਾਹੀਂ ਸੂਫ਼ੀ ਗਾਇਕੀ ਦਾ ਪ੍ਰਚਾਰ
- ਸਾਹਿਤਕ ਅਤੇ ਸਭਿਆਚਾਰਕ ਖੇਤਰ ਵਿੱਚ ਸੰਗੀਤ ਦਾ ਯੋਗਦਾਨ
- ਪੁਰਾਤਨ ਰੀਤਾਂ ਨੂੰ ਮੁੜ ਸੁਰਜੀਤ ਕਰਨ ਵਿੱਚ ਅਕਾਦਮਿਕ ਅਤੇ ਸਭਿਆਚਾਰਕ ਅਦਾਰਿਆਂ ਦੀ ਭੂਮਿਕਾ
- ਸੂਫ਼ੀ ਸੰਗੀਤ ਦਾ ਸਾਹਿਤਕ ਅਤੇ ਸੰਗੀਤਕ ਅਧਿਐਨ
- ਸੂਫ਼ੀ ਸੰਗੀਤ ਨੂੰ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਦਵਾਉਣ ਵਿੱਚ ਸੂਫ਼ੀ ਕਲਾਕਾਰਾਂ ਦਾ ਯੋਗਦਾਨ

## 7.4 ਸਿੱਟੇ

- ਸੰਗੀਤ ਦੀ ਉਤਪਤੀ ਧਾਰਮਿਕ ਵਲਗਣ ਅੰਦਰ ਹੋਈ। ਇਸੇ ਹੀ ਵਲਗਣ ਅੰਦਰ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਅਧਿਆਤਮਿਕ ਭਾਵਾਂ ਦੀ ਅਭਿਵਿਅਕਤੀ ਹੇਤੂ ਮਾਧਿਅਮ ਬਣੇ।
- ਭਾਰਤੀ ਸੰਗੀਤ ਅਤੇ ਈਰਾਨੀ ਸੰਗੀਤ ਦੇ ਸੁਖਦ ਪਰਿਣਾਮ ਵਜੋਂ ਉੱਤਰੀ ਭਾਰਤੀ ਸੰਗੀਤ ਹਿੰਦੁਸਤਾਨੀ ਸੰਗੀਤ ਵਜੋਂ ਜਾਣਿਆ ਜਾਣ ਲੱਗਾ। ਇਸ ਲਈ ਸੂਫ਼ੀ ਸੰਗੀਤ ਨੂੰ ਹਿੰਦੁਸਤਾਨੀ ਸੰਗੀਤ ਦੀ ਇੱਕ ਸ਼ਾਖਾ ਮੰਨਿਆ ਜਾਵੇ ਤਾਂ ਅਤਿਕਥਨੀ ਨਹੀ ਹੋਵਗੀ।
- ਸਵਰ, ਤਾਲ, ਰਾਗ, ਲੈਅ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦਾ ਮੂਲ ਆਧਾਰ ਹਨ।
- ਮੱਧ ਕਾਲ ਵਿੱਚ ਭਗਤੀ ਲਹਿਰ ਦੇ ਅੰਤਰਗਤ ਸੰਤਾਂ ਅਤੇ ਸੂਫ਼ੀਆਂ ਨੇ ਕੀਰਤਨ ਦੇ ਲਈ ਅਧਿਆਤਮਿਕ ਗਾਇਨ ਸ਼ੈਲੀਆਂ ਦੇ ਅੰਤਰਗਤ ਆਪਣੇ ਰੂਹਾਨੀ ਭਾਵਾਂ ਦੀ ਅਭਿਵਿਅਕਤੀ ਕੀਤੀ।

- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਸਧੇ ਹੋਏ ਕਲਾਕਾਰ ਸੂਫ਼ੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿੱਚ ਹਿੰਦੁਸਤਾਨੀ ਅਧਿਆਤਮਿਕ ਸ਼ੈਲੀਆਂ ਦਾ ਅਤੇ ਹਿੰਦੁਸਤਾਨੀ ਸ਼ੈਲੀਆਂ ਵਿੱਚ ਸੂਫ਼ੀ ਕਲਾਮ ਦਾ ਨਿਭਾਅ ਕਰ ਰਹੇ ਹਨ।
- ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਵਿੱਚ ਵਿਸ਼ਵੀਕਰਨ ਦੇ ਦੌਰ ਵਿੱਚ ਪੱਛਮੀ ਧੁਨਾਂ ਅਤੇ ਪੱਛਮੀ ਸਾਜ਼ਾਂ ਦਾ ਪ੍ਰਯੋਗ ਹੋ ਰਿਹਾ ਹੈ, ਜੋ ਕਿ ਉੱਨਤੀ ਦਾ ਪ੍ਰਤੀਕ ਹੈ।
- ਵਿਸ਼ਵਵਿਖਿਆਤ ਕਲਾਕਾਰ ਆਪਣੀ ਕਲਾ ਦੇ ਰਾਹੀਂ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਦਾ ਅੰਤਰਰਾਸ਼ਟਰੀ ਪੱਧਰ ਤੇ ਪ੍ਰਚਾਰ ਪ੍ਰਸਾਰ ਕਰ ਰਹੇ ਹਨ।
- ਸਿੱਖਿਆ ਸੰਸਥਾਨ ਅਤੇ ਸਭਿਆਚਾਰਕ ਕੇਂਦਰ ਵੀ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।